# ਕੱਲਰੀ ਧਰਤੀ ਦਾ ਜ਼ਰਖੇਜ਼ ਸਿਰਨਾਵਾਂ

# ਸਰਦਾਰ ਬੁੱਧ ਸਿੰਘ ਢਾਹਾਂ

➪ ਹਰਿੰਦਰ ਕੌਰ ਢਾਹਾਂ

ਸਰਦਾਰ ਬੁੱਧ ਸਿੰਘ ਢਾਹਾਂ ਸਮਾਜ ਦੇ ਉਹ ਸਿਰਕੱਢ ਆਗੂ, ਲੋਕ ਹਿਤੈਸ਼ੀ ਅਤੇ ਸਮਾਜ ਸੇਵਕ ਸਨ ਜਿਨਾਂ ਨੇ ਜ਼ਿੰਦਗੀ ਭਰ ਪੂਰੀ ਲਗਨ ਨਾਲ ਕਨੇਡਾ ਅਤੇ ਭਾਰਤ ਵਿਚ ਵਿੱਦਿਆ (ਖਾਸ ਕਰ ਕੇ ਲੜਕੀਆਂ ਲਈ), ਸਿਹਤ ਅਤੇ ਸਮਾਜ ਉਸਾਰੀ ਦੇ ਕੰਮਾਂ ਨੂੰ ਆਧੁਨਿਕ ਸਹੂਲਤਾਂ ਵਾਲੀਆਂ ਸੰਸਥਾਵਾਂ ਸਥਾਪਤਕਰ ਕੇ ਸੰਚਾਲਿਤ ਕੀਤਾ। ਇਨਾਂ ਦੀ ਦੂਰਦ੍ਰਿਸ਼ਟੀ, ਸੋਚ, ਖਿਆਲ ਅਤੇ ਸੂਝ ਆਪਣੇ ਸਮੇਂ ਤੋਂ ਕਿਤੇ ਅਗਾਂਹ-ਵਧੂ ਸੀ। ਸੇਵਾ ਦੇ ਇਸ ਪੁੰਜ ਨੇ ਆਪਣੇ ਇਨਾਂ ਗੁਣਾਂ ਨੂੰ ਅਮਲੀ ਰੂਪ ਦੇ ਕੇ ਅਖੀਰਲੇ ਦਮ ਤੱਕ ਹੱਦੋਂ ਵੱਧ ਔਕੜਾਂ ਦਾ ਮੁਕਾਬਲਾ ਕਰਦੇ ਹੋਏ ਸਿਰਤੋੜ ਸੇਵਾ ਨਿਭਾਈ। ਇਸ ਅਨੋਖੀ ਸ਼ਖਸੀਅਤ ਨੇ ਆਪਣੇ ਜੀਵਨ ਪੰਧ ਦੌਰਾਨ ਆਪਣੇ ਮਿਸ਼ਨ ਦੀ ਕਾਮਯਾਬੀ ਅਤੇ ਸਮਾਜ ਦਾ ਪੁਨਰ-ਨਿਰਮਾਣ ਕਰਨ ਲਈ ਸੋਚ ਸਮਝ ਕੇ ਲੋੜੀਂਦੇ ਕਦਮ ਚੁੱਕੇ।

ਇਨਾਂ ਨੂੰ ਸਮਾਜ ਸੇਵਾ ਦੀ ਗੁੜਤੀ ਆਪਣੇ ਵਿਰਸੇ ਵਿੱਚੋਂ ਮਿਲੀ। ਛੋਟੀ ਉਮਰ ਤੋਂ ਹੀ ਗਰੀਬ, ਦੁਖੀ, ਅਨਪੜ ਅਤੇ ਲੋੜਵੰਦ ਲੋਕਾਂ ਦੀ ਮਦਦ ਲਈ ਹਮੇਸ਼ਾ ਤੱਤਪਰ ਰਹਿੰਦੇ। ਪਿੰਡ ਅਤੇ ਇਲਾਕੇ ਦੇ ਸਾਂਝੇ ਕੰਮਾਂ ਵਿੱਚ ਵਧ ਚੜ ਕੇ ਹਿੱਸਾ ਲੈਂਦੇ। ਚੜਦੀ ਜਵਾਨੀ ਵਿੱਚ ਅਕਾਲੀ ਦਲ ਜਿਲਾ ਜਲੰਧਰ ਦੇ ਜਥੇਦਾਰ, ਪੰਜਾਬ ਅਮਨ ਕੌਂਸਲ ਦੇ ਮੀਤ-ਪ੍ਰਧਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਗਜ਼ੈਕਟਿਵ ਮੈਂਬਰ ਵਜੋਂ ਆਪਣੇ ਕਰਤੱਵ ਨਿਭਾਉਣ ਲੱਗੇ। ਦੇਸ਼ ਦੀ ਅਜ਼ਾਦੀ ਦੇ ਘੋਲ ਅਤੇ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਨਿਧੜਕ ਹੋ ਕੇ ਉੱਚ ਕੋਟੀ ਦੇ ਬੁਲਾਰਿਆਂ ਵਾਂਗ ਪ੍ਰਚਾਰ ਕਰਦੇ ਸਨ ਅਤੇ ਇਨਾਂ ਰਾਜਨੀਤਕ ਹਾਲਾਤਾਂ ਦੌਰਾਨ 6 ਵਾਰ ਜੇਲ ਵੀ ਕੱਟੀ।

ਸੰਨ 1947 ਵਿੱਚ ਜਦੋਂ ਰਾਤੋ ਰਾਤ ਸਕਿੰਟਾਂ ਵਿੱਚ ਆਪਣੀ ਹੀ ਮਾਤ-ਭੂਮੀ ਵਿੱਚ ਦੇਸ਼ ਵਾਸੀ ਪ੍ਰਦੇਸੀ ਬਣਾ ਦਿੱਤੇ ਗਏ ਤਾਂ ਇਹ ਲੋਕਾਂ ਨੂੰ ਹਮਦਰਦੀ ਭਰਿਆ ਹੌਸਲਾ ਦਿੰਦੇ ਹੋਏ ਸੁਰੱਖਿਆ ਸਹਿਤ ਸ਼ਰਨਾਰਥੀ ਛਾਉਣੀਆਂ ਵਿੱਚ ਭੇਜਣ ਦੀ ਮਦਦ ਵਿੱਚ ਜੁੱਟ ਗਏ। ਇਸੇ ਤਰਾਂ ਹੀ ਲਹਿੰਦੇ ਪੰਜਾਬ ਤੋਂ ਉੱਜੜ ਕੇ ਆਏ ਲੋਕਾਂ ਦੀ ਦੇਖਭਾਲ, ਰਹਿਣ ਲਈ ਟਿਕਾਣੇ ਅਤੇ ਜ਼ਮੀਨ ਜਾਇਦਾਦਾਂ ਦੀ ਠੀਕ ਠੀਕ ਅਲਾਟਮੈਂਟ ਕਰਵਾਉਣ ਲਈ ਸੰਘਰਸ਼ ਕੀਤੇ।
ਇਨਾਂ ਕੰਮਾਂ ਦੇ ਨਾਲ ਨਾਲ ਢਾਹਾਂ ਸਾਹਿਬ ਨੇ ਸ਼੍ਰੋਮਣੀ ਕਮੇਟੀ ਦੀ ਸਕੀਮ ਅਨੁਸਾਰ ਦੁਆਬੇ ਦੇ ਪਿੰਡਾਂ ਜਗਤਪੁਰ, ਸਾਧਪੁਰ, ਮੰਡੇਰ ਅਤੇ ਢਾਹਾਂ ਵਿਚ ਪ੍ਰਾਇਮਰੀ ਸਕੂਲ ਖੋਲਣ ਦੀ ਜੁੰਮੇਵਾਰੀ ਸੰਭਾਲੀ। ਸੰਨ 1951 ਵਿੱਚ ਢਾਹਾਂ ਵਾਸੀਆਂ ਵੱਲੋਂ ਸਕੂਲ ਬਣਾਉਣ ਲਈ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਦਸਵੇਂ ਗੁਰੂ ਦੇ ਕਥਨ 'ਦੇਹ ਸਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨ ਟਰੋਂ' ਉੱਤੇ ਦ੍ਰਿੜ ਵਿਸ਼ਵਾਸੀ ਅਤੇ ਸਿਰੜੀ ਘੁਲਾਟੀਏ ਨੇ ਪਿੰਡ ਦੇ ਕੁਝ ਕੁ ਸਾਥੀਆਂ ਨੂੰ ਨਾਲ ਲੈ ਕੇ ਰਾਤੋ ਰਾਤ ਦੋ ਕਮਰਿਆਂ ਦੀਆਂ ਨੀਹਾਂ ਭਰ ਕੇ ਕੰਧਾਂ ਦੀ ਉਸਾਰੀ ਸ਼ੁਰੂ ਕਰ ਦਿੱਤੀ। ਵਿੱਦਿਅਕ ਸਹੂਲਤਾਂ ਪ੍ਰਦਾਨ ਕਰਨ ਦਾ ਇਨਾਂ ਵੱਲੋਂ ਇਹ ਪਹਿਲਾ ਕਦਮ ਹੋ ਨਿੱਬੜਿਆ। ਇਸ ਤੋਂ ਇਲਾਵਾ ਢਾਹਾਂ ਵਿੱਚ ਡਿਸਪੈਂਸਰੀ, ਲਾਇਬ੍ਰੇਰੀ, ਡਾਕਖ਼ਾਨਾ, ਬੱਸ ਅੱਡਾ ਆਦਿ ਮਨਜ਼ੂਰ ਕਰਵਾਏ।

ਜਨਵਰੀ, 1960 ਵਿੱਚ ਪਰਿਵਾਰ ਦੇ ਉੱਜਲੇ ਭਵਿੱਖ ਲਈ ਆਪਣੇ ਪਿਆਰੇ ਪੰਜਾਬ ਵਾਸੀਆਂ ਨੂੰ ਛੱਡ ਕੇ ਪੋਰਟ ਅਲਬਰਨੀ, ਬੀ. ਸੀ. ਕਨੇਡਾ ਵਿਖੇ ਆ ਗਏ ਸਨ। ਇੱਥੇ ਪਹੁੰਚਦਿਆਂ ਹੀ ਪੰਜਾਬੀ ਬੱਚਿਆਂ ਨੂੰ ਪੰਜਾਬੀ ਪੜਾਉਣ ਲੱਗ ਪਏ ਅਤੇ ਨਾਲ ਹੀ ਲੋਕਾਂ ਲਈ ਲਿਖਤ-ਪੜਤ ਦੀਆਂ ਸੇਵਾਵਾਂ ਲਈ ਹਾਜ਼ਰ ਰਹਿੰਦੇ। ਗੁਰਦੁਆਰੇ ਦੀ ਨਵੀਂ ਇਮਾਰਤ ਲਈ ਜੋ ਕਿ ਸੰਨ1964 ਵਿੱਚ ਤਿਆਰ ਹੋਈ, ਦਿਲ ਖੋਲ ਕੇ ਮਾਇਆ ਦਿੱਤੀ ਅਤੇ ਹੋਰ ਮੋਢੀਆਂ ਨਾਲ ਰਲ ਕੇ ਇਮਾਰਤ ਬਣਾਉਣ ਵਿੱਚ ਹੱਥੀਂ ਸੇਵਾ ਵੀ ਕੀਤੀ। ਬੀ. ਸੀ. ਦੀਆਂ ਸੰਗਤਾਂ ਨੂੰ ਵੀ ਉਗਰਾਹੀ ਕਰਨ ਵੇਲੇ ਵਧ ਚੜ ਕੇ ਯੋਗਦਾਨ ਪਾਉਣ ਲਈ ਪ੍ਰੇਰਤ ਕੀਤਾ।
ਪੋਰਟ ਅਲਬਰਨੀ ਵਿਖੇ 13 ਵਰੇ ਲੰਬਰ ਇੰਡਸਟਰੀ ਵਿੱਚ ਕੰਮ ਕਰਨ ਉਪਰੰਤ ਇਨਾਂ ਨੇ ਸੰਨ 1973 ਵਿੱਚ ਆਪਣੀ ਬਦਲੀ ਵੈਨਕੂਵਰ ਵਿਖੇ ਕਰਵਾ ਲਈ ਤਾਂਕਿ ਸਾਰਾ ਪਰਵਾਰ ਇਕੱਠਾ ਰਹਿ ਸਕੇ। ਛੇਤੀਂ ਹੀ



**ਸਰਦਾਰ ਬੁੱਧ ਸਿੰਘ ਢਾਹਾਂ**
*(ਦਸੰਬਰ 5, 1925 —ਅਪ੍ਰੈਲ 20, 2018)*

'ਢਾਹਾਂ ਕੰਸਟ੍ਰਕਸ਼ਨ ਕੰਪਨੀ' ਸਥਾਪਤ ਕਰ ਕੇ ਢਾਹਾਂ ਸਾਹਿਬ ਨੇ ਵੈਨਕੂਵਰ ਅਤੇ ਰਿਚਮੰਡ ਵਿੱਚ ਘਰ ਬਣਾਉਣੇ ਸ਼ੁਰੂ ਕੀਤੇ। ਉਸ ਸਮੇਂ ਕੰਸਟ੍ਰਕਸ਼ਨ ਦੇ ਵਿਹਾਰ ਵਿੱਚ ਇਹ ਪਹਿਲੇ ਇੰਡੋ-ਕਨੇਡੀਅਨਾਂ ਵਿੱਚੋਂ ਇਕ ਸਨ। ਨਨਾਇਮੋਂ ਅਤੇ ਪ੍ਰਿੰਸ ਜੌਰਜ ਸ਼ਹਿਰਾਂ ਵਿੱਚ ਵੀ ਰੀਅਲ ਇਸਟੇਟ ਵਿੱਚ ਪੂੰਜੀ ਲਗਾਈ ਸੀ।

ਇਨਾਂ ਹੀ ਸਮਿਆਂ ਦੌਰਾਨ ਕੁਝ ਅਰਸੇ ਤੋਂ ਬੀ. ਸੀ. ਦੇ ਗੁਰਦੁਆਰਿਆਂ ਖਾਸ ਕਰ ਕੇ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਜੋ ਕਿ ਉੱਤਰੀ ਅਮਰੀਕਾ ਦੀ ਸਭ ਤੋਂ ਪਹਿਲੀ ਸੁਸਾਇਟੀ ਹੈ ਅਤੇ ਜਿਸ ਦੀ ਸਥਾਪਨਾ ਸੰਨ 1906 ਵਿੱਚ ਕੀਤੀ ਗਈ ਸੀ, ਦੇ ਗੁਰਦੁਆਰਾ ਸਾਹਿਬ ਸੰਬੰਧੀ ਸਿੱਖ ਸੰਗਤਾਂ ਦੇ ਕੁਝ ਮਸਲੇ ਤੇਜ਼ੀ ਨਾਲ ਉੱਭਰ ਅਤੇ ਗੰਭੀਰ ਹੋ ਰਹੇ ਸਨ। ਇਨਾਂ ਮਸਲਿਆਂ ਨੂੰ ਸੁਲਝਾਉਣ ਲਈ ਇਕ ਨਿਰਪੱਖ, ਸੂਝਵਾਨ, ਨਿਡਰ, ਆਕਰਸ਼ਿਕ ਬੁਲਾਰਾ, ਅਤੇ ਸਿੱਖੀ ਸਿਧਾਂਤਾਂ ਦੀ ਸੋਝੀ ਰੱਖਣ ਵਾਲੇ ਸੂਰਬੀਰ ਦੀ ਲੋੜ ਸੀ। ਉਹ ਸਨ ਸਰਦਾਰ ਬੁੱਧ ਸਿੰਘ ਢਾਹਾਂ ਜਿਹੜੇ ਸੰਨ 1975 ਵਿੱਚ ਜਨਰਲ ਸਕੱਤਰ ਦੀ ਸੇਵਾ ਸੰਭਾਲਣ ਲਈ ਮੈਦਾਨ ਵਿੱਚ ਨਿੱਤਰੇ। ਆਪਣੇ ਸਾਥੀਆਂ ਦੇ ਸਹਿਯੋਗ ਨਾਲ ਬਹੁਤ ਘਾਲਣਾ ਘਾਲਣ ਤੋਂ ਬਾਅਦ ਦੋ ਕੁ ਮਹੀਨਿਆਂ ਵਿੱਚ ਹੀ ਸ਼ਾਂਤਮਈ ਵਾਤਾਵਰਨ ਫਿਰ ਤੋਂ ਬਹਾਲ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ। ਗੁਰਦੁਆਰਾ ਪ੍ਰਬੰਧ ਵਿੱਚ ਸੁਧਾਰ, ਗੁਰਦੁਆਰੇ ਤੋਂ ਹਫਤਾਵਰੀ 'ਸਿੱਖ ਸਮਾਚਾਰ' ਅਖਬਾਰ ਦਾ ਛਪਵਾਉਣਾ ਅਤੇ ਨਵੇਂ ਇੰਮੀਗਰੈਂਟਾਂ ਲਈ ਅੰਗਰੇਜ਼ੀ ਦੀਆਂ ਕਲਾਸਾਂ ਸ਼ੁਰੂ ਕੀਤੀਆਂ।

ਇਕ ਸੋਚੀ ਵਿਚਾਰੀ ਯੋਜਨਾ ਅਨੁਸਾਰ ਵੱਡੀ ਪੱਧਰ ਤੇ ਬੱਚਿਆਂ ਨੂੰ ਪੰਜਾਬੀ ਸਿਖਾਉਣ ਲਈ 14 ਅਧਿਆਪਕ ਤੇ ਇਕ ਪ੍ਰਿੰਸੀਪਲ ਦੇ ਸਹਿਯੋਗ ਨਾਲ ਗੁਰਦੁਆਰੇ ਕੰਪਲੈਕਸ ਵਿੱਚ ਪੰਜਾਬੀ ਸਕੂਲ ਵੀ ਚਾਲੂ ਕੀਤਾ। ਨਾਲ ਨਾਲ ਕੀਰਤਨ ਦੀ ਸਿਖਲਾਈ ਲਈ ਵੱਖਰੀਆਂ ਕਲਾਸਾਂ ਲੱਗਦੀਆਂ ਸਨ।
ਇਨਾਂ ਦੀ ਸੁਚੱਜੀ ਅਗਵਾਈ ਹੇਠ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਨੇ ਖਾਲਸਾ ਦੀਵਾਨ ਸੁਸਾਇਟੀ, ਐਬਸਫੋਰਡ ਨੂੰ ਉਸ ਦੇ ਗੁਰਦੁਆਰੇ ਦੀ ਜਾਇਦਾਦ ਦੀ ਖੁਦਮੁਖਤਾਰੀ ਵੀ ਸੌਂਪੀ ਜਿਸਦੀ ਮੰਗ ਐਬਸਫੋਰਡ ਸੁਸਾਇਟੀ ਅਤੇ ਸੰਗਤਾਂ ਵੱਲੋਂ ਬਹੁਤ ਦੇਰ ਤੋਂ ਹੋ ਰਹੀ ਸੀ। ਐਬਸਫੋਰਡ ਦਾ ਇਹ ਗੁਰਦੁਆਰਾ 1911 ਵਿੱਚ ਬਣਿਆਂ ਅਤੇ ਜੁਲਾਈ, 2002 ਨੂੰ ਕਨੇਡਾ ਗੌਰਮਿੰਟ ਵਲੋਂ 'ਨੈਸ਼ਨਲ ਹਿਸਟੌਰਿਕਸਾਈਟ' ਕਰਾਰਿਆ ਗਿਆ।
ਭਾਵੇਂ ਕਨੇਡਾ ਵਿੱਚ ਪਰਿਵਾਰ ਨੂੰ ਪਾਲਣ ਤੇ ਪੜਾਉਣ, ਆਪਣੇ ਰੁਜ਼ਗਾਰ ਅਤੇ ਲੋਕ ਭਲਾਈ ਦੇ ਕੰਮਾਂ ਵਿੱਚ ਰੁੱਝੇ ਰਹਿੰਦੇ ਸਨ ਪਰ ਦਿਲ ਤੇ ਦਿਮਾਗ ਦੇ ਕਿਸੇ ਕੋਨੇ ਵਿੱਚ ਆਪਣੀ ਮਾਤ ਭੂਮੀ ਪੰਜਾਬ ਦੇ ਲੋਕਾਂ ਦੀ ਸੇਵਾ ਲਈ ਯੋਜਨਾਵਾਂ ਬਣਾਉਂਦੇ ਰਹਿੰਦੇ।

ਉਹ ਕਨੇਡਾ ਦੀਆਂ ਵਿੱਦਿਅਕ ਅਤੇ ਸਿਹਤਕ ਪਰਣਾਲੀਆਂ ਤੋਂ ਬਹੁਤ ਪ੍ਰਭਾਵਤ ਹੋ ਚੁੱਕੇ ਸਨ ਅਤੇ ਉਸੇ ਆਧਾਰ ਤੇ ਪੰਜਾਬ ਵਿੱਚ ਇਸ ਤਰਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣੀਆਂ ਚਾਹੁੰਦੇ ਸਨ। ਅਖੀਰ ਉਨਾਂ ਨੇ ਸੰਨ 1979 ਵਿੱਚ ਕਨੇਡਾ ਵਰਗਾ ਦੇਸ਼, ਪਰਿਵਾਰ ਦਾ ਪਿਆਰ ਅਤੇ ਸੁੱਖ ਤਿਆਗ ਕੇ ਮੁੜ ਪੰਜਾਬ ਵੱਲ ਵਹੀਰਾਂ ਘੱਤ ਲਈਆਂ।
ਇਸੇ ਹੀ ਸਾਲ ਢਾਹਾਂ ਅਤੇ ਕਲੇਰਾਂ ਦੀਆਂ ਪੰਚਾਇਤਾਂ ਨਾਲ ਕੱਲਰੀ ਜ਼ਮੀਨ ਟਰਸਟ ਨੂੰ ਦਾਨ ਕਰਨ ਬਾਰੇ ਗੱਲਬਾਤ ਕਰਨ ਉਪਰੰਤ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰਸਟ, ਢਾਹਾਂ-ਕਲੇਰਾਂ ਸਥਾਪਤ ਕੀਤਾ। ਦੋਹਾਂ ਪਿੰਡਾਂ ਵਲੋਂ 1981 ਵਿੱਚ 30 ਏਕੜ ਕੱਲਰੀ ਜ਼ਮੀਨ ਇਸ ਟਰਸਟ ਦੇ ਨਾਮ ਕਰਵਾਉਣ ਤੋਂ ਬਾਅਦ ਜਲਦ ਹੀ ਇੱਥੇ ਸਮਾਜ ਸੇਵਕ ਭਗਤ ਪੂਰਨ ਸਿੰਘ ਤੋਂ ਅਦਾਰੇ ਦਾ ਨੀਂਹ ਪੱਥਰ ਰੱਖਵਾ ਕੇ ਇਮਾਰਤਾਂ ਉਸਾਰਨ ਦਾ ਕੰਮ ਸ਼ੁਰੂ ਕਰ ਦਿੱਤਾ।

ਬਾਵਜੂਦ ਪੰਜਾਬ ਦੇ ਮਾੜੇ ਰਾਜਨੀਤਕ ਹਾਲਾਤਾਂ (1982-1993) ਦੇ, ਇਸ ਅਦਾਰੇ ਨੇ ਸੰਨ 1981 ਤੋਂ ਲੈ ਕੇ ਅਗਲੇ ਤਿੰਨ ਦਹਾਕੇ ਦਿਨ ਦੁੱਗਣੀ ਤੇ ਰਾਤ ਚੌਗਣੀ ਤਰੱਕੀ ਕੀਤੀ।
ਇਸ ਪ੍ਰਾਪਤੀ ਦੇ ਪਿੱਛੇ ਸਰਦਾਰ ਬੁੱਧ ਸਿੰਘ ਢਾਹਾਂ ਜਿਨਾਂ ਨੂੰ ਹੁਣ ਲੋਕੀਂ ਪਿਆਰ ਅਤੇ ਸਤਿਕਾਰ ਸਹਿਤ 'ਬਾਬਾ ਜੀ' ਜਾਂ 'ਬਾਬਾ ਬੁੱਧ ਸਿੰਘ ਢਾਹਾਂ' ਪੁਕਾਰਨ ਲੱਗ ਪਏ ਹਨ, ਦੀ ਬੇਮਿਸਾਲ ਦੂਰ ਦ੍ਰਿਸ਼ਟੀ, ਸਵੈ-ਭਰੋਸਾ, ਅਣਥੱਕ ਸੇਵਾ, ਵਿੱਦਿਆ ਅਤੇ ਸਿਹਤ ਦੀ ਮਹੱਤਤਾ ਦੀ ਸੂਝ, ਤਨ ਮਨ ਅਤੇ ਧਨ ਦੀ ਲਾਗਤ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਤੋਂ ਉਗਰਾਹੀ ਕਰਨ ਦੇ ਵਿਲੱਖਣ ਢੰਗ ਆਦਿ ਦੇ ਗੁਣ ਸਨ। ਬਾਬਾ ਜੀ ਨੇ ਇਸ ਅਦਾਰੇ ਨੂੰ ਬਣਾਉਣ, ਵਧਾਉਣ ਅਤੇ ਚਲਾਉਣ ਹਿੱਤ ਸਰਮਾਇਆ ਇਕੱਤਰ ਕਰਨ ਲਈ ਭਾਰਤ ਤੋਂ ਬਾਹਰ 35 ਤੋਂ ਵੱਧ ਫੇਰੀਆਂ ਕਨੇਡਾ, ਅਮਰੀਕਾ, ਯੂ. ਕੇ. ਫੀਜੀ, ਨੌਰਵੇ, ਆਦਿ ਦੇਸ਼ਾਂ ਵਿੱਚ ਲਾਈਆਂ।

ਇਨਾਂ ਦੇ ਕਾਰਜ ਉਦੇਸ਼ ਦੀ ਪੂਰਤੀ ਵਿੱਚ ਸਥਾਨਕ ਅਤੇ ਅੰਤਰਰਾਸ਼ਟਰੀ ਸਾਂਝੀਵਾਲ ਜਿਵੇਂ ਕਨੇਡਾ ਇੰਡੀਆ ਐਜੂਕੇਸ਼ਨ ਸੁਸਾਇਟੀ, ਸਕੂਲ ਆਫ ਨਰਸਿੰਗ-ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ, ਵੈਨਕੂਵਰ ਅਤੇ ਕਨੇਡਾ ਇੰਟਰਨੈਸ਼ਨਲ ਡਿਵੈਲਪਮੈਂਟ ਏਜੰਸੀ ਦਾ ਯੋਗਦਾਨ ਵੀ ਬਹੁਤ ਅਹਿਮ ਰਿਹਾ ਹੈ।
ਬਾਬਾ ਜੀ ਕਨੇਡਾ ਅਤੇ ਭਾਰਤ ਵਿਚਾਲੇ ਸਾਂਝਾ ਪੁਲ ਸਨ ਜਿਸ ਨਾਲ ਨਰਸਿੰਗ ਵਿੱਦਿਆ ਅਤੇ ਸਿਹਤ ਸਹੂਲਤਾਂ ਵਿੱਚ ਇਨਕਲਾਬੀ ਤਬਦੀਲੀਆਂ ਆਈਆਂ। ਕਨੇਡਾ ਅਤੇ ਭਾਰਤ ਦੇ ਇਨਾਂ ਗੂੜੇ ਸਹਿਯੋਗੀ ਸੰਬੰਧਾਂ ਸਦਕਾ ਹੋਰ ਵੀ ਕਈ ਸਮਾਜ ਸੇਵਾਵਾਂ ਲਈ ਪ੍ਰੇਰਨਾ ਮਿਲੀ ਅਤੇ ਮਿਲਦੀ ਰਹੇਗੀ।

ਗੁਰੂ ਨਾਨਕ ਮਿਸ਼ਨ ਟਰਸਟ, ਢਾਹਾਂ-ਕਲੇਰਾਂ ਵਲੋਂ ਅਨੇਕਾਂ ਸਪੈਸ਼ਲਟੀਆਂ ਵਾਲਾ 200 ਬੈੱਡ ਦਾ ਹਸਪਤਾਲ, ਗੁਰਦੁਆਰਾ ਸਾਹਿਬ, ਕਿੰਡਰਗਾਰਟਨ ਤੋਂ +2 ਤਕ ਸੀਨੀਅਰ ਸੈਕੰਡਰੀ ਸਕੂਲ (1,800+ ਵਿਦਿਆਰਥੀ), ਗੁਰੂ ਨਾਨਕ ਕਾਲਜ ਆਫ ਨਰਸਿੰਗ, ਨਸ਼ਾ ਛਡਾਊ ਕੇਂਦਰ, ਪ੍ਰਬੰਧਕੀ ਇਮਾਰਤ, ਬਲੱਡ ਬੈਂਕ ਅਤੇ ਟਰੌਮਾ ਸੈਂਟਰ ਸਫਲਤਾਪੂਰਵਕ ਚੱਲ ਰਹੇ ਹਨ। ਇਸ ਅਦਾਰੇ ਵਿੱਚ ਬੀਮਾਰਾਂ ਦਾ ਇਲਾਜ, ਵਿਦਿਆਰਥੀਆਂ ਲਈ ਪੜਾਈ ਅਤੇ ਕਿੰਨੇ ਲੋਕ ਆਪਣਾ ਰੁਜ਼ਗਾਰ ਕਮਾ ਰਹੇ ਹਨ।

ਇੱਥੇ ਇਹ ਵੀ ਦੱਸਣਾ ਬਹੁਤ ਮਹੱਤਵਪੂਰਨ ਹੈ ਕਿ ਸੰਨ 1998 ਵਿੱਚ ਚਾਲੂ ਕੀਤਾ ਗੁਰੂ ਨਾਨਕ ਕਾਲਜ ਆਫ ਨਰਸਿੰਗ ਪੰਜਾਬ ਵਿੱਚ ਤੀਜਾ ਨਰਸਿੰਗ ਕਾਲਜ ਹੈ। ਇਸ ਦੇ ਮਿਆਰ ਨੂੰ ਸ਼ੁਰੂ ਤੋਂ ਹੀ ਉੱਚਾ ਚੁੱਕਣ ਲਈ ਯੂ.ਬੀ.ਸੀ ਸਕੂਲ ਆਫ ਨਰਸਿੰਗ ਨਾਲ ਪਾਰਟਨਰਸ਼ਿਪ ਦੀ ਪਹਿਲ ਕਦਮੀ ਦਾ ਮਾਣ ਵੀ ਇਸੇ ਨੂੰ ਹੀ ਪ੍ਰਾਪਤ ਹੈ। ਉਦੋਂ ਤੋਂ ਪੰਜਾਬ ਵਿੱਚ ਨਰਸਿੰਗ ਪੇਸ਼ੇ ਵਿੱਚ ਬਹੁਤ ਸੁਧਾਰ ਆਇਆ ਅਤੇ ਇਸ ਨੂੰ ਸਤਿਕਾਰਯੋਗ ਪੇਸ਼ਾ ਵੀ ਸਮਝਿਆ ਜਾਣ ਲੱਗਾ। ਹੁਣ ਤੱਕ ਇਸ ਕਾਲਜ ਤੋਂ 2,000+ ਗਰੈਜੂਏਟ ਨਰਸਾਂ ਦੇਸ਼ਾਂ ਵਿਦੇਸ਼ਾਂ (ਭਾਰਤ, ਕਨੇਡਾ, ਅਮਰੀਕਾ, ਯੂ. ਕੇ.,ਅਸਟਰੇਲੀਆ ਆਦਿ) ਵਿਖੇ ਵੱਖ ਵੱਖ ਸਿਹਤ ਅਤੇ ਵਿੱਦਿਅਕ ਸੰਸਥਾਵਾਂ ਵਿੱਚ ਉੱਚੇ ਅਹੁਦਿਆਂ ਤੇ ਭੂਮਿਕਾ ਨਿਭਾਅ ਰਹੀਆਂ ਹਨ।

ਬਾਬਾ ਜੀ ਆਪਣੇ ਵੱਡੇ ਕਾਰਨਾਮਿਆਂ ਕਾਰਨ ਆਮ ਜਨਤਾ ਵਿੱਚ ਬਹੁਤ ਪਿਆਰੇ ਅਤੇ ਸਤਿਕਾਰੇ ਜਾਂਦੇ ਸਨ। ਇਨਾਂ ਨੂੰ ਕਈ ਅਦਾਰਿਆਂ ਵਲੋਂ ਸਨਮਾਨਿਤ ਕੀਤਾ ਗਿਆ ਜਿਨਾਂ ਵਿੱਚ ਪੰਜਾਬ ਸਰਕਾਰ, ਪੰਜਾਬੀ ਸਾਹਿਤ ਅਕਾਦਮੀ ਅਤੇ ਦੂਰ-ਦਰਸ਼ਨ ਜਲੰਧਰ ਵੀ ਸ਼ਾਮਲ ਹਨ। ਉਨਾਂ ਦਾ ਪੰਜਾਬ ਅਤੇ ਪੰਜਾਬ ਤੋਂ ਬਾਹਰ ਬਹੁਤ ਹੋਰ ਸੰਸਥਾਵਾਂ ਨੇ ਵੀ ਸਮਾਰੋਹਾਂ ਵਿੱਚ ਬੁਲਾ ਕੇ ਮਾਣ ਸਤਿਕਾਰ ਕੀਤਾ। ਸੰਨ 2004 ਵਿੱਚ ਕਵਾਂਟਲਨ ਪੌਲੀਟੈਕਨਿਕ ਯੂਨੀਵਰਸਿਟੀ, ਬੀ ਸੀ ਕਨੇਡਾ ਵਲੋਂ ਜੂਨ, 2004 ਨੂੰ ਇਨਾਂ ਦੀਆਂ ਕਨੇਡਾ ਅਤੇ ਭਾਰਤ ਵਿੱਚ ਬੇਮਿਸਾਲ ਪ੍ਰੇਰਨਾਜਨਕ ਸਮਾਜ ਸੇਵਾਵਾਂ ਨੂੰ ਮਾਨਤਾ ਦੇਣ ਲਈ ਆਨਰੇਰੀ ਡਾਕਟਰੇਟ ਆਫ ਲਾਜ਼ ਦੀ ਡਿਗਰੀ ਪ੍ਰਦਾਨ ਕੀਤੀ ਗਈ।

ਬਾਬਾ ਜੀ ਨੇ ਕਿਰਤ ਕਰਨੀ, ਵੰਡ ਛਕਣਾ, ਨਾਮ ਜਪਣਾ ਅਤੇ 'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ' ਦੇ ਸਿੱਖੀ ਸਿਧਾਂਤਾਂ ਤੇ ਚੱਲਦਿਆਂ 85 ਵਰੇ ਦੀ ਆਯੂ ਵਿਚ ਢਾਹਾਂ ਵਿਚਲੀ ਜੱਦੀ ਜ਼ਮੀਨ ਵੇਚ ਕੇ ਪਿੰਡ ਕੁੱਕੜ ਮਜਾਰਾ, ਗੜਸ਼ੰਕਰ ਤੋਂ ਅਨੰਦਪੁਰ ਸਾਹਿਬ ਵਾਲੀ ਸੜਕ ਦੇ ਕੰਢੇ ਹਸਪਤਾਲ ਬਣਾਉਣ ਲਈ ਜ਼ਮੀਨ ਖਰੀਦੀ। ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਚੈਰੀਟੇਬਲ ਟਰਸਟ ਸਥਾਪਤ ਕਰ ਕੇ ਨਵੇਂ ਹਸਪਤਾਲ ਦੀ ਵਿਉਂਤ ਤੇ ਉਸਾਰੀ, ਪੰਜਾਬ ਵਿਚਲੇ ਬੀਤ ਅਤੇ ਕੰਢੀ ਦੇ ਪਛੜੇ ਅਤੇ ਗਰੀਬ ਪੇਂਡੂ ਇਲਾਕੇ ਵਿੱਚ ਉੱਚ ਪੱਧਰ ਦੀਆਂ ਸਿਹਤ ਅਤੇ ਵਿੱਦਿਆ ਦੀਆਂ ਸਹੂਲਤਾਂ ਮੁਹੱਈਆ ਕਰਨ ਲਈ 2010 ਵਿੱਚ ਸ਼ੁਰੂ ਕੀਤੀ। ਮਾਇਕ ਸਹਾਇਤਾ ਲਈ ਪੰਜਾਬ ਤੋਂ ਛੁੱਟ ਦੁਬਈ, ਬੀ.ਸੀ. ਅਤੇ ਯੂ.ਐੱਸ.ਏ ਵੀ ਪਹੁੰਚੇ। ਹੁਣ ਇੱਥੇ 20 ਬੈੱਡ ਦਾ ਹਸਪਤਾਲ ਕਾਮਯਾਬੀ ਨਾਲ ਚੱਲ ਰਿਹਾ ਹੈ। ਬਾਬਾ ਜੀ ਦੇ ਪਾਏ ਪੂਰਨਿਆਂ ਤੇ ਚੱਲਦਾ ਹੋਇਆ ਇੱਥੇ ਦਾ ਟਰਸਟ ਹੋਰ ਸਿਹਤਕ ਅਤੇ ਵਿੱਦਿਅਕ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਇਹ ਮਹਾਨ ਸ਼ਖਸੀਅਤ 92 ਵਰਿਆਂ ਦਾ ਭਰਪੂਰ ਜੀਵਨ ਸਮਾਜ ਸੇਵਾ ਦੇ ਲੇਖੇ ਲਾ ਕੇ 20 ਅਪ੍ਰੈਲ, 2018 ਨੂੰ ਪ੍ਰਲੋਕ ਸਿਧਾਰ ਗਏ ਸਨ। 24 ਅਪ੍ਰੈਲ, 2018 ਨੂੰ ਬਾਬਾ ਬੁੱਧ ਸਿੰਘ ਢਾਹਾਂ ਜੀ ਦਾ ਜਨਾਜ਼ਾ ਇਕ ਕਾਫਲੇ ਦੇ ਰੂਪ ਵਿੱਚ ਕੁੱਕੜ ਮਜਾਰਾ ਤੋਂ ਉੱਠ ਕੇ ਗੜਸੰਕਰ, ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ), ਬੰਗਾ, ਗੁਰੂ ਨਾਨਕ ਮਿਸ਼ਨ ਹਸਪਤਾਲ ਕੰਪਲੈਕਸ ਢਾਹਾਂ-ਕਲੇਰਾਂ ਵਿੱਚੋਂ ਲੰਘਦਾ ਹੋਇਆ ਢਾਹਾਂ ਦੀ ਸ਼ਮਸ਼ਾਨ-ਘਾਟ ਤੇ ਪਹੁੰਚਿਆ ਜਿੱਥੇ ਉਨਾਂ ਦਾ ਅੰਤਮ ਸਸਕਾਰ ਗੁਰਮਤ ਮਰਯਾਦਾ ਅਨੁਸਾਰ ਕੀਤਾ ਗਿਆ। ਉਪਰੰਤ, ਸੰਗਤਾਂ ਅਰਦਾਸ ਅਤੇ ਲੰਗਰ ਲਈ ਭਾਈ ਰੰਗ ਸ਼ਾਹ (ਸ੍ਰੀ ਗੁਰੂ ਅਮਰ ਦਾਸ ਜੀ ਵੱਲੋਂ ਸਥਾਪਤ 22 ਮੰਜੀਆਂ ਵਿੱਚੋਂ ਇਕ ਮੰਜੀ ਦੇ ਮੁਖੀ) ਗੁਰਦੁਆਰੇ, ਢਾਹਾਂ ਵਿਖੇ ਪਹੁੰਚੀਆਂ। ਇਨਾਂ ਦੇ ਨਮਿੱਤ ਪੰਜਾਬ ਵਿੱਚ ਦੋ ਭੋਗ ਅਤੇ ਸ਼ਰਧਾਂਜਲੀ ਸਮਾਗਮ, ਪਹਿਲਾ 28 ਅਪ੍ਰੈਲ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਕੰਪਲੈਕਸ, ਕੁੱਕੜ ਮਜਾਰਾ ਅਤੇ ਦੂਸਰਾ 30 ਅਪ੍ਰੈਲ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਕੰਪਲੈਕਸ, ਢਾਹਾਂ-ਕਲੇਰਾਂ ਵਿਖੇ ਕਰਵਾਏ ਗਏ।

ਬਾਬਾ ਜੀ ਨੇ ਮਾਨਵਤਾ ਦੀ ਸੇਵਾ ਕਰਦਿਆਂ ਕਈ ਤਰਾਂ ਨਾਲ ਬਹੁਤ ਲੋਕਾਂ ਦਾ ਜੀਵਨ ਸੁਧਾਰਿਆ ਹੈ। ਚੜਦੀ ਕਲਾ ਵਿੱਚ ਰਹਿਣ ਵਾਲੇ, ਕਰਮਯੋਗੀ, ਕੱਲਰੀ ਧਰਤੀ ਨੂੰ ਦੁਨੀਆਂ ਦੇ ਨਕਸ਼ੇ ਤੇ ਲਿਆਉਣ ਵਾਲੇ ਮਹਾਂਪੁਰਸ਼ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਨੂੰ ਸਿਹਤ ਅਤੇ ਵਿੱਦਿਆ ਬਾਰੇ ਜਾਗਰੂਕ ਕਰਨ ਵਾਲੇ ਹਮੇਸ਼ਾ ਹੀ ਲੋਕਾਂ ਦੇ ਦਿਲਾਂ ਵਿੱਚ ਚਾਨਣ ਮੁਨਾਰੇ ਵਾਂਗ ਚਮਕਦੇ ਅਤੇ ਸਮਾਜ ਸੇਵਾ ਲਈ ਪ੍ਰੇਰਦੇ ਰਹਿਣਗੇ। ਇਨਾਂ ਦੇ ਪੰਜਾਬ ਵਿੱਚ ਅੰਤਮ ਸਸਕਾਰ ਅਤੇ ਦੋ ਭੋਗ/ਸ਼ਰਧਾਂਜਲੀਆਂ ਦੇ ਸਮਾਗਮਾਂ ਵਿੱਚ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਇਸ ਗੱਲ ਦੀ ਗਵਾਹੀ ਭਰਦਾ ਹੈ।

ਸਰਦਾਰ ਬੁੱਧ ਸਿੰਘ ਢਾਹਾਂ ਆਪਣੇ ਪਿੱਛੇ ਆਪਣੀ ਸੁਪਤਨੀ ਕਸ਼ਮੀਰ ਕੌਰ ਢਾਹਾਂ, ਸਪੁੱਤਰ ਬਰਜਿੰਦਰ ਸਿੰਘ ਢਾਹਾਂ ਤੇ ਨੂੰਹ ਰੀਟਾ ਢਾਹਾਂ; ਚਾਰ ਸਪੁੱਤਰੀਆਂ ਤੇ ਜਵਾਈ: ਹਰਿੰਦਰ ਕੌਰ ਢਾਹਾਂ, ਰਘਬੀਰ ਕੌਰ ਤੇ ਬਚਿੱਤਰ ਸਿੰਘ ਜਵੰਦਾ, ਮਨਜੀਤ ਕੌਰ ਤੇ ਅਜੀਤ ਸਿੰਘ ਥਾਂਦੀ, ਕੁਲਜਿੰਦਰ ਕੌਰ ਤੇ ਗੁਰਟੇਕ ਸਿੰਘ ਸ਼ੋਕਰ; ਚੌਦਾਂ ਪੋਤੇ/ਪੋਤੀਆਂ ਅਤੇ ਦੋਹਤੇ/ ਦੋਹਤੀਆਂ; ਸੱਤ ਪੜ ਦੋਹਤੇ/ਪੜ ਦੋਹਤੀਆਂ ਅਤੇ ਪੜਪੋਤੀ ਛੱਡ ਗਏ ਹਨ।

ਬਾਬਾ ਬੁੱਧ ਸਿੰਘ ਢਾਹਾਂ ਜੀ ਦੀ ਨਿੱਘੀ ਯਾਦ ਵਿੱਚ ਗੁਰਦੁਆਰਾ ਸਾਹਿਬ, ਖਾਲਸਾ ਦੀਵਾਨ ਸੁਸਾਇਟੀ, 8000 ਰੌਸਸਟਰੀਟ, ਵੈਨਕੂਵਰ ਵਿਖੇ ਸਵੇਰ ਦੇ 10:00 ਵਜੇ, ਐਤਵਾਰ, ਜੂਨ 3, 2018 ਨੂੰ ਸ਼ਰਧਾਂਜਲੀ ਸਮਾਗਮ ਸ਼ੁਰੂ ਹੋਵੇਗਾ ਅਤੇ ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਸਭ ਸੰਗਤਾਂ ਨੇ ਹੁੰਮ ਹੁਮਾ ਕੇ ਇਸ ਸਮਾਗਮ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।